# ਨਾਰੀ ਅਧਿਐਨ ਕੇਂਦਰ ਅਤੇ
# ਸ. ਸੋਭਾ ਸਿੰਘ ਫਾਈਨ ਆਰਟਸ ਵਿਭਾਗ
# ਪੰਜਾਬੀ ਯੂਨੀਵਰਸਿਟੀ ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਮਾਨਯੋਗ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 07-03-2024 ਨੂੰ 'ਅੰਤਰਰਾਸ਼ਟਰੀ ਮਹਿਲਾ ਦਿਵਸ' ਦੇ ਮੌਕੇ 'ਤੇ ਨਾਰੀ ਅਧਿਐਨ ਕੇਂਦਰ ਅਤੇ ਸ. ਸੋਭਾ ਸਿੰਘ ਫਾਈਨ ਆਰਟਸ ਵਿਭਾਗ ਦੇ ਸਾਂਝੇ ਉੱਦਮ ਸਦਕਾ ਕਲਾ ਨਾਲ ਸਬੰਧਿਤ ਯੂਨੀਵਰਸਿਟੀ ਵਿਦਿਆਰਥੀਆਂ ਲਈ ***ਪੰਜਾਬੀ ਵਿੱਚ ਸਲੋਗਨ ਲਿਖਣ ਅਤੇ ਪੋਸਟਰ ਮੇਕਿੰਗ*** ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਮੁਕਾਬਲੇ ਯੂਨੀਵਰਸਿਟੀ ਵਿਦਿਆਰਥੀਆਂ ਲਈ ਬੜੇ ਲਾਭਕਾਰੀ ਹੋਣਗੇ। ਵਿਦਿਆਰਥੀ ਇਸ ਪ੍ਰਤੀਯੋਗਤਾ ਲਈ ਪੋਸਟਰ ਅਤੇ ਸਲੋਗਨ ਘਰ/ਹੋਸਟਲ ਵਿੱਚ ਰਹਿ ਕੇ ਤਿਆਰ ਕਰ ਸਕਦੇ ਹਨ।

ਚਾਹਵਾਨ ਵਿਦਿਆਰਥੀ ***ਪੋਸਟਰ/ਸਲੋਗਨ*** ਤਿਆਰ ਕਰਕੇ ਮਿਤੀ 05-03-2024 ਦੁਪਹਿਰ 2:00 ਵਜੇ ਤੋਂ ਪਹਿਲਾਂ ਪਹਿਲਾਂ ਸ. ਸੋਭਾ ਸਿੰਘ ਫਾਈਨ ਆਰਟਸ ਵਿਭਾਗ, ਕਲਾ ਭਵਨ ਵਿਖੇ ਜਮ੍ਹਾਂ ਕਰਵਾ ਦੇਣ।

ਇਸ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੋਮੈਂਟੋਜ਼ ਅਤੇ ਹਰੇਕ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ, ਜੋ ਵਿਦਿਆਰਥੀ ਦੇ ਅਕਾਦਮਿਕ ਕੈਰੀਅਰ ਲਈ ਲਾਭਦਾਇਕ ਹੋਵੇਗਾ।

ਇਸ ਮੁਕਾਬਲੇ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਅਤੇ ਨਿਯਮ ਹਨ :-

| | | |
|---|---|---|
| 1. | ਸ਼ੀਟ ਦਾ ਸਾਇਜ਼ | ਹਾਫ ਸਾਇਜ਼ ਦਾ ਚਾਰਟ ਜਾਂ A3 |
| 2. | ਮਾਧਿਅਮ | ਪੋਸਟਰ ਰੰਗ, ਪੇਸਟਲ ਰੰਗ, ਪੈਂਸਲ ਰੰਗ, ਤੇਲ ਰੰਗ, ਐਕਰੇਲਿਕ ਰੰਗ ਆਦਿ |

ਉਕਤ ਸਬੰਧੀ ਸਮੂਹ ਅਧਿਆਪਨ ਵਿਭਾਗਾਂ ਦੇ ਮੁਖੀ ਸਾਹਿਬਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ-ਆਪਣੇ ਵਿਭਾਗ ਦੇ ਵਿਦਿਆਰਥੀਆਂ ਨੂੰ ਇਸ ਪ੍ਰਤੀਯੋਗਤਾ ਲਈ ਜਾਣੂ ਕਰਵਾਉਣ ਅਤੇ ਰਜਿਸਟ੍ਰੇਸ਼ਨ ਕਰਵਾਉਣ ਲਈ ਨਾਲ ਨੱਥੀ google form link ਸ਼ੇਅਰ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਡਾ.ਹਰਪ੍ਰੀਤ ਕੌਰ 1/3/24

ਡਾਇਰੈਕਟਰ, ਵਿਮੈਨ ਸਟੱਡੀ ਸੈਂਟਰ

ਉਤਾਰਾ :

ਸਮੂਹ ਅਧਿਆਪਨ ਵਿਭਾਗਾਂ ਦੇ ਮੁਖੀ ਸਾਹਿਬਾਨ